# ਖ਼ਾਲਸਾ ਸਕੂਲ ਕੈਲਗਰੀ

# ਪੰਜਾਬੀ ਖ਼ਬਰਨਾਮਾ

**ਮਾਘਿ ਮਜਨ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**

ਸਕੂਲ ਵਿੱਚ ਹਰ ਮਹੀਨੇ ਸਿੱਖੀ ਨਾਲ ਸਬੰਧਿਤ ਦਿਨਾਂ ਅਤੇ ਤਿਉਹਾਰਾਂ ਬਾਰੇ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਂਦਾ ਹੈ | ਜਨਵਰੀ ਮਹੀਨੇ ਵਿਚ ਵਿਦਿਆਰਥੀਆਂ ਨੇ ਜੋ ਸਿੱਖਿਆ ਪ੍ਰਾਪਤ ਕੀਤੀ ਅਤੇ ਅੱਗੇ ਜਾ ਕੇ ਫਰਵਰੀ ਮਹੀਨੇ ਵਿਚ ਜੋ ਸਿੱਖ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ ਉਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ |

**ਫ਼ਰਵਰੀ ਮਹੀਨੇ ਵਿੱਚ ਆਉਣ ਵਾਲ਼ੇ ਸਿੱਖੀ ਸਬੰਧਿਤ ਦਿਨ**

੯ ਫ਼ਰਵਰੀ " ਵੱਡਾ ਘੱਲੂਘਾਰਾ"
੧੨ ਫ਼ਰਵਰੀ ਨੂੰ ਬਾਬਾ ਅਜੀਤ ਸਿੰਘ ਜੀ ਦਾ ਜਨਮ ਦਿਹਾੜਾ ਅਤੇ ੨੨ ਫ਼ਰਵਰੀ ਨੂੰ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ |
ਡਿਵੀਜ਼ਨ ੨ ਅਤੇ ਡਿਵੀਜ਼ਨ ੩ ਦੇ ਵਿਦਿਆਰਥੀਆਂ ਨੂੰ ਵੱਡਾ ਘੱਲੂਘਾਰਾ ਨਾਲ਼ ਸਬੰਧਿਤ ਜਾਣਕਾਰੀ ਦਿੱਤੀ ਜਾਵੇਗੀ |

ਪਿਛਲੇ ਮਹੀਨੇ ਜਨਵਰੀ ਵਿੱਚ ਸਾਰੀਆਂ ਜਮਾਤਾਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਜਾਣਕਾਰੀ ਦਿੱਤੀ ਗਈ | ਵਿਦਿਆਰਥੀਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਉੱਤੇ ਗੁਰੂ ਸਾਹਿਬ ਜੀ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਵੱਖ ਵੱਖ ਤੱਥਾਂ ਨੂੰ ਇਕੱਠਾ ਕਰਕੇ ਜਮਾਤ ਵਿੱਚ ਸਾਂਝਾ ਕੀਤਾ |

**ਇਸ ਮਹੀਨੇ ਗੁਰਦੁਆਰਾ ਸਾਹਿਬ ਦਸ਼ਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਖ਼ਾਲਸਾ ਸਕੂਲ ਦੇ ਵਿਦਿਆਰਥੀਆਂ ਦੁਆਰਾ ੨੫ ਫ਼ਰਵਰੀ, ੨੦੨੪ ਨੂੰ ਸ਼ਬਦ ਕੀਰਤਨ ਕੀਤਾ ਜਾਵੇਗਾ | ਆਪ ਸਭ ਨੂੰ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ |**



# ਨਿੱਕੀ ਫੁਲਵਾੜੀ

## ਕਿੰਡਰਗਾਰਟਨ ਦੇ ਬੱਚਿਆਂ ਦੀ ਪੰਜਾਬੀ ਅਤੇ ਗੁਰਮਤਿ ਸਿੱਖਿਆ ਦਾ ਵੇਰਵਾ

ਨਿੱਕੇ ਨਿੱਕੇ ਬਾਲ ਅੰਗਰੇਜ਼ੀ ਸਿੱਖਣ ਦੇ ਨਾਲ਼ ਨਾਲ਼ ਵੱਖ ਵੱਖ ਤਰ੍ਹਾਂ ਦੀਆਂ ਖੇਡਾਂ ਅਤੇ ਕਿਰਿਆਵਾਂ ਦੁਆਰਾ ਪੰਜਾਬੀ ਭਾਸ਼ਾ ਸਿੱਖਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ | ਪਹਿਲੀ ਟਰਮ ਪੂਰੀ ਹੋਣ ਉਪਰੰਤ ਕਿੰਡਰਗਾਰਟਨ ਦੇ ਵਿਦਿਆਰਥੀ ਗੁਰਮੁਖੀ ਦੀਆਂ ਪਹਿਲੀਆਂ ਦੋ ਸਤਰਾਂ (ਲਾਈਨਾਂ) ਸਿੱਖਣ ਤੋਂ ਬਾਅਦ ਤੀਜੀ ਤੇ ਚੌਥੀ ਸਤਰ (ਲਾਈਨ) ਸ਼ੁਰੂ ਕਰ ਚੁੱਕੇ ਹਨ | ਇਸਦੇ ਨਾਲ ਹੀ ਗੁਰਮੁਖੀ ਗਿਣਤੀ ੧ ਤੋਂ ੫ ਤੱਕ ਦਾ ਅਭਿਆਸ ਕਰ ਚੁੱਕੇ ਹਨ |

ਗੁਰਮਤਿ ਦੀਆਂ ਜਮਾਤਾਂ ਦੌਰਾਨ ਕਿੰਡਰਗਾਰਟਨ ਦੇ ਵਿਦਿਆਰਥੀ ਮੂਲ ਮੰਤਰ,ਪੰਜ ਗੁਰੂ ਸਾਹਿਬਾਨ, ਚਾਰ ਸਾਹਿਬਜ਼ਾਦੇ, ਪੰਜ ਕਕਾਰਾਂ ਦੇ ਨਾਮ ਦਾ ਅਭਿਆਸ ਕਰ ਚੁੱਕੇ ਹਨ|





**ਸਾਨੂੰ ਇਹ ਦੱਸਦਿਆਂ ਬਹੁਤ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਜਿਹੜੇ ਵਿਦਿਆਰਥੀਆਂ ਨੇ ਜਪੁਜੀ ਸਾਹਿਬ ਦੇ ਪਾਠ ਕੰਠ ਕਰ ਲਏ ਹਨ ਉਹਨਾਂ ਨੂੰ ਇਨਾਮ ਦਿੱਤੇ ਜਾਣਗੇ |ਸਕੂਲ ਵੱਲੋਂ ਕੀਤਾ ਗਿਆ ਇਹ ਉਪਰਾਲਾ ਬੱਚਿਆਂ ਵਿਚ ਉਤਸ਼ਾਹ ਭਰੇਗਾ ਅਤੇ ਵਿਦਿਆਰਥੀਆਂ ਨੂੰ ਪੰਜਾਬੀ ਅਤੇ ਗੁਰਮਤਿ ਸਿੱਖਣ ਲਈ ਪ੍ਰੇਰਿਤ ਕਰੇਗਾ |**